ਅਰਮਾਨ (ARMAAN)
Vol. 3 | Issue 3 | July-Sep. 2025
ISSN: 2583-9446 (O)
Paper Published Id: ARMN030320
Available online at: www.armaan.org.in
DOI: https://doi.org/10.64119/armaan.vol.3.issue3.20

# ਸਿਆਸੀ ਦਮਨ ਦਾ ਨਾਟ-ਪ੍ਰਤੀਬਿੰਬ: ਰਾਹਤ

## SIASI DAMAN DA NAAT-PARTIBINB: RAHAT

**ਡਾ. ਸੋਨੀਆ ਦੇਵੀ (Dr. Sonia Devi)**
**ਮੁਖੀ, ਪੰਜਾਬੀ ਵਿਭਾਗ (Head, Punjabi dept.)**
**ਦਸਮੇਸ਼ ਗਰਲਜ਼ ਕਾਲਜ, ਚੱਕ ਅੱਲ੍ਹਾ ਬਖ਼ਸ਼ ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ (ਪੰਜਾਬ)**
**Email ID: soniad721@gmail.com ਮੋਬਾਈਲ: +91- 94177-83247**

**ਸਾਰ (Abstract)**

*'ਰਾਹਤ' ਗੁਰਸ਼ਰਨ ਸਿੰਘ ਦੁਆਰਾ ਲਿਖਿਆ ਲੋਕ - ਪੀੜ ਨੂੰ ਜੁਬਾਨ ਦੇਣ ਤੇ ਸਿਆਸੀ ਦਮਨ ਦੇ ਪਾਜ ਉਘਾੜਨ ਵਾਲਾ ਨਾਟਕ ਹੈ।ਗੁਰਸ਼ਰਨ ਸਿੰਘ ਰਾਜਸੀ ਸੰਸਥਾਵਾਂ ਵਿੱਚ ਆਏ ਨਿਘਾਰ ਨੂੰ ਕਿੰਝ ਵਾਚਦਾ , ਪ੍ਰਤੀਕਿਰਿਆ ਦਿੰਦਾ ਤੇ ਲੁਕਾਈ ਨੂੰ ਜਾਗਰੂਕ ਕਰਦਾ ਹੈ? ਇਹ ਵੇਖਣਾ ਇਸ ਖੋਜ ਪੱਤਰ ਦਾ ਮੂਲ ਪ੍ਰਯੋਜਨ ਹੈ ।ਸਰਕਾਰਾਂ ਸੱਤਾ ਪ੍ਰਾਪਤੀ ਲਈ ਲੋਕਾਂ ਦਾ ਭਰੋਸਾ ਜਿੱਤ ਕੇ ਲੋਕ ਪੀੜਾ ਹਰਨ ਦਾ ਵਾਅਦਾ ਕਰਦੀਆਂ ਹਨ ਤੇ ਕੁਰਸੀ ਮਿਲਦਿਆਂ ਹੀ ਇਸ ਪੀੜ ਦਾ ਅਹਿਸਾਸ ਵਿਸਾਰ ਦਿੰਦੀਆਂ ਹਨ। ਸੁਚੇਤ ਤੇ ਸਮਾਜ ਹਿਤੈਸ਼ੀ ਸਾਹਿਤਕਾਰ ਜਨ ਸਧਾਰਨ ਦੇ ਮਸਲਿਆਂ ਨੂੰ ਵੇਖਦਾ ,ਸਮਝਦਾ ਤੇ ਉਭਾਰਦਾ ਹੈ। ਇਸੇ ਨਿਰਖ-ਪਰਖ ਵਿੱਚੋਂ ਉਸਦੀ ਚੇਤਨਾ ਲੋਕ ਦੋਖੀ ਕਿਰਦਾਰਾਂ ਨੂੰ ਪਛਾਣਨਾ ਸ਼ੁਰੂ ਕਰਦੀ ਹੈ। ਹਥਲੇ ਖੋਜ-ਪੱਤਰ ਵਿੱਚ ਨਾਟਕ 'ਰਾਹਤ' ਦੇ ਪ੍ਰਤੀਕਾਤਮਕ ਅਰਥਾਂ ਨੂੰ ਸਮਝਦਿਆਂ ਜਨ ਸਧਾਰਨ ਦੇ ਸਿਆਸੀ ਦਮਨ ਦਾ ਨਾਟ -ਪ੍ਰਤੀਬਿੰਬ ਉਭਾਰਨ ਦਾ ਯਤਨ ਕੀਤਾ ਜਾਵੇਗਾ। ਜਨ ਸਧਾਰਨ ਦੀ ਪੀੜ ਨੂੰ, ਮੰਤਰੀਆਂ ਦੇ ਸਵਾਰਥੀ ਵਿਹਾਰ ਨੂੰ, ਅਫ਼ਸਰਸ਼ਾਹੀ ਦੇ ਚਤੁਰਾਈ ਭਰੇ ਕਿਰਦਾਰ ਨੂੰ ਸਾਧਾਰਨ ਪਰ ਪ੍ਰਤੀਕਾਤਮਕ ਅਤੇ ਵਿਅੰਗਾਤਮਕ ਢੰਗ ਨਾਲ ਪੇਸ਼ ਕਰਨ ਤੇ ਉਭਾਰਨ ਵਿੱਚ ਹਥਲੇ ਖੋਜ ਪੱਤਰ ਦੀ ਸਾਰਥਕਤਾ ਹੈ। ਸੰਸਥਾਵਾਂ ਦਾ ਮਿਆਰ ਡਿੱਗਣ ਪਿੱਛੇ ਕਾਰਜਸ਼ੀਲ ਤੰਤਰ ਕਿੰਝ ਵਿਹਾਰ ਕਰਦਾ ਹੈ? ਇਸ ਦੀ ਨਿਸ਼ਾਨਦੇਹੀ ਵੀ ਖੋਜ ਪੱਤਰ ਦਾ ਵਿਸ਼ਾ ਹੈ।*

***ਕੀਵਰਡ (Keyword): ਸ਼ੋਸ਼ਣ, ਅਫ਼ਸਰਸ਼ਾਹੀ ਦੀ ਚਤੁਰਾਈ ,ਮੰਤਰੀਆਂ ਦੇ ਕਿਰਦਾਰ ,ਲੋਕ ਪੀੜ, ਸਿਆਸੀ ਵਿਅੰਗ।***

'ਰਾਹਤ' ਸ਼ਬਦ ਕਿਸੇ ਦੁਖ ਪਰੇਸ਼ਾਨੀ ਨੂੰ ਘੱਟ ਕਰਨ ਦੇ ਅਰਥਾਂ ਨੂੰ ਉਜਾਗਰ ਕਰਦਾ ਹੈ ਮਨੁੱਖੀ ਜੀਵਨ ਸਪਾਟ ਕਦੇ ਨਹੀਂ ਹੁੰਦਾ। ਆਉਣ ਵਾਲੇ ਸੰਕਟ ਬੰਦੇ ਨੂੰ ਲੜਨ ਤੇ ਮੁੜ ਜੀਵਨ ਵਿੱਚ ਦੂਜਿਆਂ ਦੇ ਪੈਰਾਂ ਨਾਲ ਪੈਰ ਮਿਲਾ ਕੇ ਤੁਰਨ ਦੇ ਅਰਥਾਂ ਦਾ ਬੋਧ ਕਰਾਉਂਦੇ ਹਨ। ਆਫਤਾਂ ਭਾਵੇਂ ਕੁਦਰਤੀ ਹੁੰਦੀਆਂ ਹਨ ਬੰਦਾ ਉਹਨਾਂ ਵਿੱਚੋਂ ਵੀ ਹਿੰਮਤ ਨਾਲ ਉੱਭਰ ਆਉਂਦਾ ਹੈ ਪਰ ਜਦੋਂ ਸਮਾਜਿਕ ਢਾਂਚੇ 'ਚੋਂ ਉਭਰਿਆ ਸਿਆਸੀ ਪ੍ਰਬੰਧ ਜਿਸਦੀ ਸਿਰਜਣਾ ਹੀ ਲੋਕ ਮਸਲਿਆਂ ਦੇ ਹੱਲ ਲਈ ਹੋਈ ਹੋਵੇ ਆਪਣੇ ਆਸ਼ੇ ਤੋਂ ਭਟਕ ਜਾਵੇ ਫਰੇਬ ਦਾ ਵੇਸ ਧਾਰ ਲਵੇ ਫਿਰ ਰਾਹਤ ਸ਼ਬਦ ਅਰਥ ਗੁਆਉਂਦਾ ਨਜ਼ਰ ਆਉਂਦਾ ਹੈ ਇੱਥੇ ਸਿਰਲੇਖ ਰਾਹਤ ਵਿਅੰਗ ਦਾ ਸੂਚਕ ਹੈ। ਸਾਹਿਤ ਦੇ ਮਨੋਰਥ ਅਤੇ ਰਾਜ ਸੱਤਾ ਨਾਲ ਇਸ ਦੇ ਸੰਬੰਧਾਂ ਬਾਰੇ ਡਾ. ਰੇਸ਼ਮ ਸਿੰਘ ਦੇ ਵਿਚਾਰ-

> *"ਸਾਹਿਤ ਦਾ ਰਾਜ ਦੀ ਰਾਜਸੀ ਸੱਤਾ ਦੇ ਵਿਧਾਨ ਤੇ ਉਸਦੀ ਕੰਮ ਕਰਨ ਦੀ ਪ੍ਰਕਿਰਤੀ ਤੇ ਪ੍ਰਵਿਰਤੀ ਨਾਲ ਦਵੰਦਾਤਮਕ ਰਿਸ਼ਤਾ ਹੁੰਦਾ ਹੈ ਸਾਹਿਤਕਾਰ ਆਪਣੀਆਂ ਕਿਰਤਾਂ ਵਿੱਚ ਰਾਜ ਸੱਤਾ ਦੀਆਂ ਦਮਨਕਾਰੀ ਪਰਤਾਂ ਨੂੰ ਉਘਾੜਨ ਲਈ ਯਤਨਸ਼ੀਲ ਹੁੰਦਾ ਹੈ ਇਸ ਪ੍ਰਸੰਗ ਵਿੱਚ ਗੁਰਸ਼ਰਨ ਸਿੰਘ ਦੇ ਨਾਟਕਾਂ ਦੀ ਵਿਸ਼ੇਸ਼ ਦੇਣ ਹੈ।"[1]*

ਗੁਰਸ਼ਰਨ ਸਿੰਘ ਦੇ ਨਾਟਕੀ ਸਾਹਿਤ ਦੀ ਵਿਸ਼ੇਸ਼ਤਾ ਇਸ ਗੱਲ ਵਿੱਚ ਹੈ ਕਿ ਉਹ ਰਾਜ ਨੇਤਾਵਾਂ /ਮੰਤਰੀਆਂ ਅਤੇ ਪ੍ਰਬੰਧਕੀ ਅਫ਼ਸਰਸ਼ਾਹੀ ਦੇ ਅੰਤਰ ਸੰਬੰਧਾਂ ਅਤੇ ਇਹਨਾਂ ਸੰਬੰਧਾਂ ਵਿੱਚੋਂ ਪੈਦਾ ਹੋਈ ਕਾਰਗੁਜ਼ਾਰੀ ਦੇ ਆਮ ਲੋਕਾਂ ਉੱਤੇ ਕੀ ਪ੍ਰਭਾਵ ਪੈਂਦੇ ਹਨ ਇਸ ਨੂੰ ਬੜੀ ਨੀਝ ਨਾਲ ਚਿੱਤਰਦਾ ਹੈ। ਗੁਰਸ਼ਰਨ ਸਿੰਘ ਸਟੇਟ ਦੇ ਸਧਾਰਨ ਲੋਕਾਂ ਪ੍ਰਤੀ ਵਿਹਾਰ ਨੂੰ ਵੇਖਦਾ ਤੇ ਸੰਜੀਦਗੀ ਨਾਲ ਚਿੱਤਰਦਾ ਹੈ। ਉਹ ਆਪਣੇ ਲੋਕਾਂ ਨੂੰ ਬੇਇੰਤਹਾ ਪਿਆਰ ਕਰਦਾ ਹੈ, ਉਹ ਆਪਣੇ ਲੋਕਾਂ ਤੋਂ ਕੀ ਮੰਗ ਕਰਦਾ ਹੈ ਇਸ ਬਾਰੇ ਅਵਤਾਰ ਜੰਡਿਆਲਵੀ ਅਤੇ ਸੁਸ਼ੀਲ ਦੁਸਾਂਝ ਨਾਲ ਇੱਕ ਮੁਲਾਕਾਤ ਦੌਰਾਨ ਗੁਰਸ਼ਰਨ ਸਿੰਘ ਦੱਸਦਾ ਹੈ-

> *"ਮੈਂ ਅਪਣੇ ਲੋਕਾਂ ਨੂੰ ਇੱਕੋ ਗੱਲ ਕਹਿਣੀ ਹੈ ਕਿ ਮੇਰੇ ਲੋਕੋ! ਮੈਨੂੰ ਕੁਝ ਨਹੀਂ ਚਾਹੀਦਾ, ਬੱਸ ਮੇਰੀ ਇੱਛਾ ਹੈ ਤੁਸੀਂ ਇਰਾਦਾ ਬਣਾਓ ਇਰਾਦਾ। ਇਰਾਦਾ*


Received: 15 August 2025 Accepted: 28 August 2025 Published: 05 September 2025

*ਇਹ ਬਣਾਓ ਕਿ ਇਸ ਗਲੇ ਸੜੇ ਨਿਜ਼ਾਮ ਨੂੰ ਇੱਕ ਸਿਰੇ ਤੋਂ ਖ਼ਤਮ ਕਰਨਾ ਹੈ, ਖਤਮ ਕਰਨਾ ਹੈ, ਖ਼ਤਮ ਕਰਨਾ ਹੈ ਤੇ ਬੱਸ ਖ਼ਤਮ ਕਰਨਾ ਹੈ।"[2]*

ਲੋਕ ਆਪਦਾਵਾਂ ਨਾਲ ਨਿਪਟਦੇ ਇਹਨਾਂ ਨੂੰ ਰੱਬ ਦਾ ਭਾਣਾ ਸਮਝ ਜਰ ਜਾਂਦੇ ਹਨ ਜਦਕਿ ਸਟੇਟ ਦੇ ਹਾਕਮ ਦੀ ਜ਼ਿੰਮੇਵਾਰੀ ਕੀ ਹੋਣੀ ਚਾਹੀਦੀ ਹੈ ਇਸ ਗੱਲ ਨੂੰ ਸਿਆਸੀ ਤੰਤਰ ਲੋਕਾਂ ਦੀ ਸਮਝ ਦਾ ਹਿੱਸਾ ਹੀ ਨਹੀਂ ਬਣਨ ਦਿੰਦਾ ।ਹਾਕਮ ਅਜਿਹੇ ਵਕਤ ਕੇਵਲ ਖਾਨਾ ਪੂਰਤੀ ਕਰਦੇ ਨਜ਼ਰ ਆਉਂਦੇ ਹਨ ਜਿਵੇਂ ਨਾਟਕੀ ਕਥਾਨਕ ਵਿੱਚ ਵਾਪਰਦਾ ਦਿਖਾਈ ਦਿੰਦਾ ਹੈ ਇਲਾਕੇ ਵਿੱਚ ਹੜ੍ਹ ਆਇਆ ਹੈ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਇਸ ਗੱਲ ਨਾਲ ਕੋਈ ਮਤਲਬ ਨਹੀਂ ਹੁੰਦਾ । ਉਹ ਨੇਤਾ ਦੇ ਆਉਣ ਦੀ ਖ਼ਬਰ ਸੁਣ ਕੇ ਆਪਦਾ 'ਚ ਘਿਰੇ ਲੋਕਾਂ ਦੀ ਮਦਦ ਦਾ ਕੇਵਲ ਡਰਾਮਾ ਰਚਦੇ ਹਨ। ਡਿਪਟੀ ਕਮਿਸ਼ਨਰ ਬੀ. ਸਿੰਘ ਸਿਰਫ਼ ਦਿਮਾਗ ਦੁੜਾਉਂਦਾ ਹੈ ਕਿ ਮੰਤਰੀ ਕੋਲੋਂ ਕਿਵੇਂ ਬਚਿਆ ਜਾਵੇ ਉਹ ਆਪਣੇ ਡਿਪਟੀ ਭਗਤ ਰਾਮ ਨੂੰ ਬਣ ਠਣ ਕੇ ਦਫ਼ਤਰ ਆਉਣ ਤੇ ਝਿੜਕਦਾ ਹੈ।

*ਬੀ.ਸਿੰਘ: ਉੱਤੋਂ ਹੜ੍ਹ ਆਏ ਹੋਏ ਨੇ... ਲੋਕਾਂ ਨੂੰ ਮੁਸੀਬਤ ਪਈ ਹੋਈ ਏ ਤੇ ਤੂੰ ਚੁਸਤ ਲੱਗਣ ਦੀ ਕੋਸ਼ਿਸ਼ ਕਰ ਰਿਹਾ ਏਂ...... ਤੈਨੂੰ ਮੰਤਰੀ ਦੇ ਆਉਣ 'ਤੇ ਆਪਣੇ ਆਪ ਨੂੰ ਇਸ ਤਰ੍ਹਾਂ ਪੇਸ਼ ਕਰਨਾ ਚਾਹੀਦਾ ਏ ਕਿ ਹੜ੍ਹ ਆਉਣ ਤੇ ਤੂੰ ਰਾਤਾਂ ਨੂੰ ਸੁੱਤਾ ਨਹੀਂ ,ਲੋਕਾਂ ਨੂੰ ਰਾਹਤ ਪਹੁੰਚਾਉਣ ਲਈ ਤੂੰ ਚਿੱਕੜ ਵਿੱਚ ਪੈਦਲ ਤੁਰਿਆ ...ਗਿੱਟੇ ਗਿੱਟੇ ਪਾਣੀ ਸੀ ,ਗੋਡੇ - ਗੋਡੇ ਪਾਣੀ ਸੀ ,ਲੱਕ -ਲੱਕ ਪਾਣੀ ਸੀ ,ਗਲ -ਗਲ ਪਾਣੀ ਸੀ ਪਰ ਤੂੰ ਆਪਣੀ ਜਾਨ ਦੀ ਪਰਵਾਹ ਨਹੀਂ ਕੀਤੀ ਅਤੇ ਆਪਣੀ ਡਿਊਟੀ ਨੂੰ ਨਿਭਾਉਂਦੇ ਹੋਏ ਹੜ੍ਹ ਪੀੜਿਤ ਲੋਕਾਂ ਤੱਕ ਪੁੱਜਿਆ ਤੇ ਰਾਹਤ ਪੁਚਾਈ। [3]*

ਅਸਲ ਵਿੱਚ ਅਫ਼ਸਰਸ਼ਾਹੀ ਅਤੇ ਹਾਕਮ ਧਿਰ ਦੋਨਾਂ ਵਿਚਕਾਰ ਤਾਲਮੇਲ ਜਰੂਰੀ ਹੈ।ਸਰਕਾਰ ਵੱਲੋਂ ਲੋਕਾਂ ਲਈ ਮੁਹੱਈਆ ਸਹੂਲਤਾਂ ਦਾ ਲਾਭ ਲੋਕਾਂ ਤੱਕ ਪੁੱਜਦਾ ਹੈ ਜਾਂ ਨਹੀਂ ਇਹ ਦੇਖਣਾ ਵੀ ਸਰਕਾਰ ਦਾ ਫ਼ਰਜ਼ ਹੈ ਜਦੋਂ ਹਾਕਮ ਧਿਰ ਅਫ਼ਸਰਸ਼ਾਹੀ ਦੀ ਨਜ਼ਰਸਾਨੀ ਨਹੀਂ ਕਰੇਗੀ ਤੇ ਉਸ ਤੋਂ ਫਾਇਦੇ ਭਾਲਣ ਲੱਗੇਗੀ ਤਾਂ ਅਫ਼ਸਰਸ਼ਾਹੀ ਪਹਿਲਾਂ ਆਪਣਾ ਲਾਭ ਦੇਖੇਗੀ । ਇੰਝ ਦੋਹਾਂ ਧਿਰਾਂ ਦੇ ਨਿੱਜੀ ਸਵਾਰਥ ਲੋਕ ਪੀੜਾ ਵਿੱਚ ਵਾਧਾ ਕਰਦੇ ਹਨ ਜਿਵੇਂ ਕਿ ਨਾਟਕ ਵਿੱਚ ਵੇਖਣ ਨੂੰ ਮਿਲਦਾ। ਦੇਖੋ ਸੰਵਾਦ:

*ਭ. ਰਾਮ: ਜਨਾਬ ਸਾਡੇ ਇਲਾਕੇ ਵਿੱਚ ਹੜ੍ਹ ਦਾ ਪਾਣੀ ਅਚਾਨਕ ਚੜ੍ਹ ਕੇ ਆਇਆ...ਉਸ ਵੇਲੇ ਰਾਤ ਦਾ ਸਮਾਂ ਸੀ... ਸਾਰੇ ਲੋਕ ਆਪਣੇ ਘਰਾਂ ਵਿੱਚ ਸੁੱਤੇ ਸਨ।*

*ਬੀ.ਸਿੰਘ: ਮੈਂ ਪੁੱਛਿਆ ਹੈ,ਤੂੰ ਕਿੱਥੇ ਸੀ?*

*ਭ. ਰਾਮ: ਜੀ ਮੈਂ ਵੀ ਘਰ ਸੁੱਤਾ ਹੋਇਆ ਸੀ।*

*ਬੀ. ਸਿੰਘ: ਫਿਰ ਤੂੰ ਕੀ ਕੀਤਾ?*

*ਭ.ਰਾਮ: ਮੈਂ ਕੀ ਕਰਨਾ ਸੀ ਮੈਂ ਤਾਂ ਸੁੱਤਾ ਹੋਇਆ ਸੀ ।*

*ਬੀ.ਸਿੰਘ: ਇਹੋ ਤੇ ਅਖ਼ਬਾਰਾਂ ਵਾਲੇ ਲਿਖ ਰਹੇ ਨੇ ਕਿ ਜਦੋਂ ਹੜ੍ਹ ਆਇਆ ਤਾਂ ਸਰਕਾਰ ਸੁੱਤੀ ਹੋਈ ਸੀ... ਪਰ ਤੂੰ ਸਾਬਤ ਕਰਨਾ ਹੈ ਕਿ ਤੂੰ ਸੁੱਤਾ ਨਹੀਂ ਸੀ ਸਗੋਂ ਹਰਕਤ ਵਿੱਚ ਸੀ।[4]*

ਸਮਝਣ ਵਾਲੀ ਗੱਲ ਇਹ ਹੈ ਕਿ ਇਥੇ ਪਰਪੰਚ ਵੱਡੇ ਅਫ਼ਸਰ ਬੀ.ਸਿੰਘ ਵੱਲੋਂ ਹੀ ਰਚਾਇਆ ਜਾ ਰਿਹਾ ਹੈ ਉਹ ਨਹੀਂ ਚਾਹੁੰਦਾ ਕਿ ਦੌਰੇ ਤੇ ਆਇਆ ਹੋਇਆ ਮੰਤਰੀ ਉਹਨਾਂ ਦੇ ਸੱਚ ਨੂੰ ਜਾਣ ਸਕੇ । ਉਹ ਆਪਣੇ ਡਿਪਟੀ ਭਗਤ ਰਾਮ ਨੂੰ ਆਪਣੇ ਕੱਪੜਿਆਂ 'ਤੇ ਚਿੱਕੜ ਦੀ ਬਾਲਟੀ ਸੁੱਟਣ, ਪੈਂਟ ਨੂੰ ਗੋਡਿਆਂ ਤੱਕ ਉੱਪਰ ਚੜ੍ਹਾਉਣ ਤੇ ਮੂੰਹ ਤੇ ਮਿੱਟੀ ਮਲਣ ਦਾ ਆਦੇਸ਼ ਦਿੰਦਾ ਹੈ ਤਾਂ ਜੋ ਮੰਤਰੀ ਨੂੰ ਇੰਜ ਲੱਗੇ ਜਿਵੇਂ ਉਹ ਪ੍ਰਭਾਵਿਤ ਖੇਤਰ ਦਾ ਦੌਰਾ ਕਰਕੇ ,ਰਾਹਤ ਦੇ - ਦੇ ਕੇ ਬੇਹਾਲ ਹੋਇਆ ਹੋਵੇ। ਉਹ ਭਗਤ ਰਾਮ ਨੂੰ ਅੱਖਾਂ ਵਿੱਚ ਇਹੋ ਜਿਹੀ ਦਵਾਈ ਪਾਉਣ ਲਈ ਆਖਦਾ ਹੈ ਜਿਸ ਨਾਲ ਅੱਖਾਂ ਵਿੱਚ ਲਾਲੀ ਉੱਤਰ ਆਏ ਤੇ ਇੰਝ ਜਾਪੇ ਕਿ ਉਹ ਕਈ ਦਿਨਾਂ ਦਾ ਉਨੀਂਦਰਾ ਹੋਵੇ। ਫਿਰ ਉਹ ਸੋਚਦਾ ਹੈ ਕਿ ਉਸਨੂੰ ਆਪਣਾ ਹਾਲ ਵੀ ਇਹੋ ਜਿਹਾ ਹੀ ਬਣਾ ਲੈਣਾ ਚਾਹੀਦਾ ਹੈ:

*ਬੀ. ਸਿੰਘ: (ਆਪਣੇ ਆਪ ਨਾਲ) ਮੈਨੂੰ ਵੀ ਕੁਝ ਇਹੋ ਜਿਹਾ ਕਰਨਾ ਚਾਹੀਦਾ ਏ...( ਬੋਝੇ ਵਿਚੋਂ , ਰੁਮਾਲ ਕੱਢਦਾ ਹੈ, ਉਸਨੂੰ ਗੰਢ ਦੇ ਕੇ ਆਪਣੇ ਗਲੇ ਵਿਚ ਪਾ ਲੈਂਦਾ ਹੈ ਤੇ ਫੇਰ ਆਪਣੀ ਬਾਂਹ ਉਸ ਵਿੱਚ ਅੜਾ ਦਿੰਦਾ ਹੈ )ਹੁਣ ਠੀਕ ਹੈ ...ਮੈਂ ਹੜ੍ਹਾਂ ਦੇ ਇਲਾਕੇ 'ਚ ਦੌਰਾ ਕਰਨ ਗਿਆ... ਉਥੇ ਮੇਰਾ ਪੈਰ ਤਿਲਕ ਗਿਆ... ਮੈਂ ਡਿੱਗ ਪਿਆ ਤੇ ਬਾਂਹ ਟੁੱਟ ਗਈ।[5]*

ਇਹ ਸੱਚ ਹੈ ਕਿ ਗੁਰਸ਼ਰਨ ਸਿੰਘ ਵਿਸ਼ਿਆਂ ਦੀ ਚੋਣ ਸਮਾਜਿਕ ਤਾਣੇ ਬਾਣੇ ਵਿੱਚੋਂ ਕਰਦਾ ਹੈ, ਮੌਜੂਦਾ ਦੌਰ ਵਿੱਚ ਇਹੋ ਜਿਹੀਆਂ ਘਟਨਾਵਾਂ ਵੇਖੀਆਂ ਜਾ ਸਕਦੀਆਂ ਹਨ। ਅਫਸਰਸ਼ਾਹੀ ਅਕਸਰ ਸਰਕਾਰਾਂ ਨੂੰ ਉਂਗਲਾਂ 'ਤੇ ਨਚਾਉਂਦੀ ਹੈ, ਕਿਉਂਕਿ ਨੌਕਰਸ਼ਾਹੀ ਦਾ ਵਾਹ ਕਈ ਸਰਕਾਰਾਂ ਨਾਲ ਰਹਿ ਚੁੱਕਾ ਹੁੰਦਾ ਹੈ। ਵੱਡਾ ਅਫਸਰ ਬੀ.ਸਿੰਘ ਅਜਿਹੇ ਹੀ ਨੌਕਰਸ਼ਾਹਾਂ ਵਿੱਚੋਂ ਇੱਕ ਹੈ ਜਿਸ ਨੂੰ ਸਰਕਾਰ ਨਾਲ ਖੇਡਣ ਦਾ ਵਲ ਆਉਂਦਾ ਹੈ। ਹੜ੍ਹਾਂ ਦਾ ਜਾਇਜ਼ਾ

ਲੈਣ ਆਏ ਮੰਤਰੀ ਨੂੰ ਉਹ ਦੱਸਦਾ ਹੈ ਕਿ ਕਿਵੇਂ ਉਸਦਾ ਡਿਪਟੀ ਹੜ੍ਹ ਹੇਠ ਆਏ ਇਲਾਕੇ ਦਾ ਦੌਰਾ ਕਰਕੇ ਸਿੱਧੀ ਜਾਣਕਾਰੀ ਲੈ ਕੇ ਆਇਆ ਹੈ ਕਿ ਰਾਹਤ ਕਾਰਜ ਕਿਸ ਤਰ੍ਹਾਂ ਚੱਲ ਰਹੇ ਹਨ ਤੇ ਉਸਨੂੰ ਕੱਪੜੇ ਤੱਕ ਬਦਲਣ ਦੀ ਵਿਹਲ ਨਹੀਂ ਮਿਲੀ।

ਨਾਟਕਕਾਰ ਦੱਸਦਾ ਹੈ ਕਿ ਸਿਆਸਤ ਵਿੱਚ ਸਰਗਰਮ ਲੋਕ ਭਾਵੇਂ ਉੱਚੇ ਅਹੁਦਿਆਂ ਤੇ ਬਿਰਾਜਮਾਨ ਹੁੰਦੇ ਹਨ ਪਰ ਜਮੀਨੀ ਹਕੀਕਤ ਤੋਂ ਅਣਜਾਣ ਹੋਣ ਕਰਕੇ ਆਪਣੀ ਨਲਾਇਕੀ ਸਾਬਤ ਕਰ ਹੀ ਦਿੰਦੇ ਹਨ ਉਹ ਨੌਕਰਸ਼ਾਹੀ ਨੂੰ ਪਛਾਣਨ ਵਿੱਚ ਅਸਮਰਥ ਰਹਿੰਦੇ ਹਨ। ਬੀ. ਸਿੰਘ ਦੀ ਚਤੁਰਾਈ ਇਸ ਗੱਲ ਵਿੱਚ ਹੈ ਕਿ ਮੰਤਰੀ ਉਸਦੀ ਗੱਲ ਨਾਲ ਸਹਿਮਤੀ ਜਤਾਉਂਦਾ ਹੋਇਆ ਉਸਨੂੰ ਆਖਦਾ ਹੈ:

*ਮੰਤਰੀ: ਅਸਲ ਵਿੱਚ ਤਾਂ ਸਰਕਾਰ ਚਲਦੀ ਹੀ ਇਹੋ ਜਿਹੇ ਅਫ਼ਸਰਾਂ ਦੇ ਸਿਰ 'ਤੇ ...ਹੜ੍ਹਾਂ ਵਿੱਚ ਲੋਕਾਂ ਦਾ ਬੜਾ ਨੁਕਸਾਨ ਹੋਇਆ ਹੈ।*[6]

ਗੁਰਸ਼ਰਨ ਸਿੰਘ ਦੀ ਤਿੱਖੀ ਸੂਝ ਦਾ ਪਤਾ ਇਸ ਗੱਲ ਤੋਂ ਲੱਗਦਾ ਹੈ ਕਿ ਉਹ ਅਫ਼ਸਰਸ਼ਾਹੀ ਅਤੇ ਮੰਤਰੀ ਦੋਹਾਂ ਦੀ ਹਕੀਕਤ ਤੋਂ ਜਾਣੂ ਹੈ ਉਹ ਬੇਝਿਜਕ ਦੱਸਦਾ ਹੈ ਕਿ ਮੰਤਰੀ ਵੀ ਉਸੇ ਅਫਸਰਸ਼ਾਹੀ ਵਰਗਾ ਹੈ ਜਿਸ ਨੂੰ ਆਮ ਲੋਕਾਂ ਦੇ ਨਾਲ ਕੋਈ ਮਤਲਬ ਨਹੀਂ ਉਹ ਬੀ. ਸਿੰਘ ਨੂੰ ਦੱਸਦਾ ਹੈ ਕਿ ਦਿਲ ਦਾ ਰੋਗੀ ਹੋਣ ਕਾਰਨ ਉਸਨੂੰ ਡਾਕਟਰਾਂ ਨੇ ਜਹਾਜ ਦਾ ਸਫ਼ਰ ਕਰਨ ਤੋਂ ਮਨਾ ਕੀਤਾ ਹੈ ਪਰ ਉਹ ਲੋਕਾਂ ਦੀ ਤਕਲੀਫ ਵਿੱਚ ਸ਼ਾਮਿਲ ਹੋਣ ਲਈ ਆਇਆ ਹੈ।ਪਰ ਜਦੋਂ ਬੀ. ਸਿੰਘ ਦੱਸਦਾ ਹੈ ਕਿ ਲੋਕ ਹੜ੍ਹਾਂ ਦੇ ਆਉਣ ਦਾ ਕਾਰਨ ਸਰਕਾਰਾਂ ਦੀ ਬੇਪਰਵਾਹੀ ਨੂੰ ਮੰਨਦੇ ਹਨ ਤਾਂ ਮੰਤਰੀ ਭੜਕ ਉੱਠਦਾ ਹੈ ਉਸਦਾ ਅਸਲ ਚਰਿੱਤਰ ਉਭਰ ਕੇ ਸਾਹਮਣੇ ਆਉਂਦਾ ਹੈ, ਦੇਖੋ ਸੰਵਾਦ:

*ਮੰਤਰੀ: ਉਹ ਬਕਦੇ ਨੇ... ਅਸੀਂ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਇਹ ਹਵਾਈ ਸਰਵੇਖਣ ਕਰ ਰਹੇ ਹਾਂ ਤੇ ਹਾਲੇ ਵੀ ਉਹ ਕਹਿੰਦੇ ਹਨ ਕਿ ਅਸੀਂ ਬੇਪ੍ਰਵਾਹ ਹਾਂ... ਜੇ ਉਹ ਕਹਿੰਦੇ ਵੀ ਹਨ ਤਾਂ ਸਾਨੂੰ ਇਸ ਦੀ ਪਰਵਾਹ ਨਹੀਂ ।*

*ਬੀ. ਸਿੰਘ: ਹਾਂਜੀ ਜੇ ਸਰਕਾਰ ਹਰ ਗੱਲ (ਦੀ ) ਪ੍ਰਵਾਹ ਕਰਨ ਲੱਗ ਜਾਵੇ ਤਾਂ ਇਕ ਦਿਨ ਨਾ ਚੱਲੇ।*

*ਮੰਤਰੀ: ਹਾਂ ,ਜੇ ਉਹ ਕਹਿੰਦੇ ਨੇ ਤਾਂ ਕਹਿੰਦੇ ਰਹਿਣ... ਜੇ ਉਹ ਮਰਦੇ ਨੇ ਤਾਂ ਮਰਦੇ ਰਹਿਣ, ਸਾਨੂੰ ਉਹਦੀ ਪਰਵਾਹ ਨਹੀਂ।*

*ਬੀ.ਸਿੰਘ:(ਸਵਾਲੀਆ ਫਿਕਰੇ ਵਾਲੀ) ਜੀ?*

*ਮੰਤਰੀ: ਨਹੀਂ ,ਜੇ ਉਹ ਮਰਦੇ ਨੇ ਤਾਂ ਸਾਨੂੰ ਪਰਵਾਹ ਕਰਨੀ ਪਵੇਗੀ , ਕਿਉਂਕਿ ਕੱਲ੍ਹ ਅਸੀਂ ਉਹਨਾਂ ਦੀ ਵੋਟ ਲੈਣੀ ਏ...*[7]

ਮੰਤਰੀ ਨੂੰ ਇਸ ਗੱਲ ਦੀ ਸਮਝ ਬੜੀ ਜਲਦੀ ਪੈ ਜਾਂਦੀ ਹੈ ਕਿ ਵੋਟਾਂ ਤਾਂ ਇਹਨਾਂ ਲੋਕਾਂ ਦੀਆਂ ਹੀ ਲੈਣੀਆਂ ਹਨ ਇਸ ਲਈ ਰਾਹਤ ਕਾਰਜਾਂ ਵਿੱਚ ਸ਼ਾਮਿਲ ਹੋਣਾ ਪਏਗਾ। ਬੀ.ਸਿੰਘ ਭਗਤ ਰਾਮ ਨੂੰ ਹੜ੍ਹਾਂ ਵਿੱਚ ਨੁਕਸਾਨ ਦੀ ਖਬਰ ਪੁੱਛਦਾ ਹੈ, ਜਦੋਂ ਭਗਤ ਰਾਮ ਲਾਸ਼ਾਂ ਦੀ ਗਿਣਤੀ ਦੱਸਦਾ ਹੈ ਤਾਂ ਮੰਤਰੀ ਸੁਣਦਿਆਂ ਸਾਰ ਹੀ ਵਾਰਸਾਂ ਵਾਸਤੇ 20-20 ਹਜ਼ਾਰ ਮੁਆਵਜੇ ਦਾ ਐਲਾਨ ਕਰ ਦਿੰਦਾ ਹੈ। ਭਗਤ ਰਾਮ ਦੇ ਇਹ ਕਹਿਣ ਤੇ ਕਿ ਲਾਸ਼ਾਂ ਲਵਾਰਸ ਹਨ ਮੰਤਰੀ ਖ਼ਬਰ ਦੀ ਪੁਸ਼ਟੀ ਕਰਦਾ ਹੈ ਕਿ ਕੀ ਗੱਲ ਪੱਕੀ ਹੈ ਤਾਂ ਭਗਤ ਰਾਮ ਵੱਲੋਂ ਆਪਣੀ ਨਿਗਰਾਨੀ ਹੇਠ ਲਵਾਰਸ਼ ਲਾਸ਼ਾਂ ਦਾ ਸੰਸਕਾਰ ਕਰਨ ਦੀ ਗੱਲ ਆਖੀ ਗਈ।ਸੁਣ ਕੇ ਮੰਤਰੀ ਛੇਤੀ ਨਾਲ ਬੋਲਦਾ ਹੈ ਕਿ ਜੇ ਲਾਸ਼ਾਂ ਲਵਾਰਸ ਹਨ ਤਾਂ ਤੁਸੀਂ ਉਹਨਾਂ ਦੇ ਵਾਰਸਾਂ ਲਈ ਇੱਕ-ਇੱਕ ਲੱਖ ਮੁਆਵਜ਼ੇ ਦਾ ਐਲਾਨ ਕਰ ਦੋ ਅਸਲ ਵਿੱਚ ਉਹ ਲੋਕਾਂ 'ਤੇ ਆਪਣਾ ਪ੍ਰਭਾਵ ਪਾਉਣਾ ਚਾਹੁੰਦਾ ਹੈ ਕਿਉਂਕਿ ਲੋਕਾਂ ਨੂੰ ਇਸ ਗੱਲ ਦਾ ਨਹੀਂ ਪਤਾ ਕਿ ਮਰੇ ਹੋਏ ਬੰਦੇ ਲਾਵਾਰਸ ਹਨ। ਉਹ ਡੰਗਰਾਂ ਦੇ ਹੋਏ ਨੁਕਸਾਨ ਦੇ ਲਈ ਵੀ ਉਹਨਾਂ ਦੇ ਮਾਲਕਾਂ ਨੂੰ ਰਾਹਤ ਦਾ ਐਲਾਨ ਕਰਦਾ ਹੈ ਪਰ ਭਗਤ ਰਾਮ ਵੱਲੋਂ ਇਹ ਕਹਿਣ ਤੇ ਕਿ ਮਾਲਕ ਲੱਭਣਗੇ ਜਨਾਬ ਕਿੱਥੋਂ ?ਪਸ਼ੂ ਤਾਂ ਦੂਰ ਦੂਰ ਤੋਂ ਰੁੜਦੇ ਆਏ ਨੇ ਮੰਤਰੀ ਜਵਾਬ ਦਿੰਦਾ ਹੈ ਕਿ ਫਿਰ ਕੀ ਹੋਇਆ ਅਸੀਂ ਤਾਂ ਐਲਾਨ ਹੀ ਕਰਨਾ ਹੈ। ਭਗਤ ਰਾਮ ਵੱਲੋਂ ਮੰਤਰੀ ਨੂੰ ਇਹ ਦੱਸੇ ਜਾਣ ਤੇ ਕਿ ਬਹੁਤ ਸਾਰੇ ਡੰਗਰ ਤਾਂ ਕਿੱਲਿਆਂ 'ਤੇ ਬੱਧੇ ਹੀ ਦਮ ਤੋੜ ਗਏ ਉਹਨਾਂ ਦੇ ਮਾਲਕਾਂ ਨੂੰ ਵੀ ਕੋਈ ਰਾਹਤ ਦੇਣੀ ਹੈ? ਬੀ.ਸਿੰਘ ਵੀ ਪੁੱਛਦਾ ਹੈ ਕਿ ਮੰਤਰੀ ਸਾਹਿਬ ਕੀ ਉਹਨਾਂ ਨੂੰ ਵੀ ਰਾਹਤ ਦੇਣੀ ਤਾਂ ਮੰਤਰੀ ਦਾ ਹਾਸੋਹੀਣਾ ਜਵਾਬ ਇਸ ਤਰਾਂ ਆਉਂਦਾ ਹੈ ਦੇਖੋ ਸੰਵਾਦ:

*ਮੰਤਰੀ: ਉਨ੍ਹਾਂ ਨੂੰ ਰਾਹਤ ਇਹ ਦੇਵੋ ਕਿ ਭਰੀ ਸੱਥ ਵਿੱਚ ਬੁਲਾ ਕੇ ਜੁੱਤੀਆਂ ਮਾਰੋ ....ਆਪ ਆਪਣੀ ਜਾਨ ਬਚਾਉਣ ਲਈ ਕੋਠਿਆਂ ਤੇ ਚੜ੍ਹ ਗਏ ਤੇ ਡੰਗਰ ਵਿਚਾਰੇ ਕਿੱਲਿਆਂ ਤੇ ਬੱਧੇ- ਬੱਧੇ ਤੜਫ਼ਦੇ ਹੋਏ ਮਰ ਗਏ ...ਪਸ਼ੂਆਂ ਉੱਤੇ ਜ਼ੁਲਮ ਕਰਨ ਵਾਲਿਆਂ ਨੂੰ ਮੁਆਫ ਨਹੀਂ ਕੀਤਾ ਜਾ ਸਕਦਾ।*[8]

ਬਾਹਰੋਂ ਰੌਲਾ ਪਾਉਂਦੀ ਹੋਈ ਆਈ ਮਾਈ ਅਤੇ ਮੰਤਰੀ ਵਿਚਾਲੇ ਹੋਏ

ਸੰਵਾਦ ਵਿਅੰਗ ਦੀ ਸਿਖਰ ਨੇ ਤੇ ਖ਼ੂਬਸੂਰਤ ਮਿਸਾਲ ਪੇਸ਼ ਕਰਦੇ ਹਨ, ਸਿਆਸੀ ਤੰਤਰ ਦਾ ਖ਼ੂਬ ਪਾਜ ਉਘਾੜਦੇ ਹਨ:

*ਮੰਤਰੀ: ਕੀ ਗੱਲ ਏ ਮਾਈ?...ਕੀ ਤੇਰਾ ਮਾਲ ਡੰਗਰ ਦਾ ਨੁਕਸਾਨ ਹੋ ਗਿਆ ਏ?*

*ਮਾਈ: ਨਹੀਂ ਜੀ, ਮੇਰੀ ਇਕੋ ਬੱਕਰੀ ਸੀ ,ਉਹਨੂੰ ਮੈਂ ਆਪਣੇ ਨਾਲ ਹੀ ਕੋਠੇ 'ਤੇ ਲੈ ਗਈ ਸੀ।*

*ਮੰਤਰੀ: ਦੇਖਿਆ, ਜਿਨ੍ਹਾਂ ਨੂੰ ਬੇਜ਼ੁਬਾਨਾਂ ਨਾਲ ਪਿਆਰ ਹੋਵੇ ,ਉਹ ਇਸ ਤਰ੍ਹਾਂ ਹੀ ਕਰਦੇ ਨੇ ।*

*ਬੀ ਸਿੰਘ: ਹਾਂ ਜਨਾਬ, ਇਸ ਤਰ੍ਹਾਂ ਹੀ ਕਰਦੇ ਨੇ ...ਕਿਉਂ ਭਗਤ ਰਾਮ,ਇਸ ਤਰ੍ਹਾਂ ਹੀ ਕਰਦੇ ਨੇ?*

*ਭਗਤ ਰਾਮ: ਜੀ ਕਰਦੇ ਨੇ, ਪਰ ਜਨਾਬ ਬੱਕਰੀ ਤਾਂ ਕੋਠੇ 'ਤੇ ਚੜ੍ਹਾਈ ਜਾ ਸਕਦੀ ਏ ,ਮੱਝ ਨਹੀਂ ।*

*ਮੰਤਰੀ: ਜੇ ਮਨੁੱਖ ਚੰਨ ਤੇ ਜਾ ਸਕਦੈ ਤਾਂ ਮੱਝ ਕੋਠੇ 'ਤੇ ਕਿਉਂ ਨਹੀਂ ਜਾ ਸਕਦੀ... ਕਿਉਂ ਡੀ.ਸੀ. ਸਾਹਿਬ ਜਾ ਸਕਦੀ ਏ?*

*ਬੀ .ਸਿੰਘ: ਕਿਉਂ ਭਗਤ ਰਾਮ ,ਜਾ ਸਕਦੀ ਹੈ?*

*ਭਗਤ ਰਾਮ: ਜੇ ਜਨਾਬ ਕਹਿੰਦੇ ਹੋ ਤਾਂ ਜਾ ਸਕਦੀ?* [9]

ਅਸਲ ਵਿੱਚ ਨੌਕਰਸ਼ਾਹੀ ਮੰਤਰੀ ਦੀ ਮੂਰਖਤਾ ਨੂੰ ਪਛਾਣਦੀ ਹੈ ਉਹ ਜਾਣਦੀ ਹੈ ਕਿ ਲੋਕ ਸੇਵਾ ਸਿਰਫ਼ ਦਿਖਾਵਾ ਹੈ ਹਕੀਕਤ ਕੁੱਝ ਹੋਰ ਹੈ ਕਿਉਂਕਿ ਲੋਕ ਮਸਲਿਆਂ ਦੇ ਹੱਲ ਲਈ ਜ਼ਮੀਨ 'ਤੇ ਉੱਤਰਨਾ ਪੈਂਦਾ ਅਤੇ ਲੋਕਾਂ 'ਚ ਵਿਚਰਨਾ ਜਰੂਰੀ ਹੈ ਪਰ ਜਦੋਂ ਸਵਾਲ ਸਿਰਫ ਵੋਟਾਂ ਦਾ ਹੋਵੇ ਤਾਂ ਲੋਕ ਸੇਵਾ ਸਿਰਫ ਕਾਗਜ਼ੀ ਸ਼ਬਦ ਹੀ ਰਹਿ ਜਾਂਦੀ ਹੈ।ਮੰਤਰੀ ਦਾ ਵਿਹਾਰ ਬੇਹੱਦ ਮੂਰਖਤਾ ਭਰਪੂਰ ਹੈ ਉਸ ਕੋਲ ਲੋਕ ਮਸਲਿਆਂ ਦੀ ਸੂਝ ਬਿਲਕੁਲ ਨਹੀਂ ਹੈ ਜਦੋਂ ਮਾਈ ਵੱਲੋਂ ਦੱਸਿਆ ਜਾਂਦਾ ਹੈ ਕਿ ਉਸਦੀਆਂ ਚਾਰ ਦਰੀਆਂ ,ਅੱਠ ਖੇਸੀਆਂ, ਦੋ ਦੋਹਤਰੀਆਂ, ਦੋ ਰਜਾਈਆਂ ਬੁਰੀ ਤਰ੍ਹਾਂ ਭਿੱਜ ਗਈਆਂ ਹਨ ਤਾਂ ਮੰਤਰੀ ਵੱਲੋਂ ਡੀ.ਸੀ.ਨੂੰ ਹੁਕਮ ਦਿੱਤਾ ਜਾਂਦਾ ਹੈ ਕਿ ਮਾਈ ਦਾ ਨੁਕਸਾਨ ਪੂਰਾ ਕਰੇ, ਦੇਖੋ ਸੰਵਾਦ-

*ਮੰਤਰੀ: ਡੀ.ਸੀ. ਸਾਹਿਬ ਧੁੱਪ ਅੱਜ ਵੀ ਚੜ੍ਹੀ ਹੈ, ਕੀ ਕੱਲ੍ਹ ਚੜ੍ਹੇਗੀ ?*

*ਬੀ .ਸਿੰਘ: ਕਿਉਂ ਭਗਤ ਰਾਮ , ਕੱਲ੍ਹ ਧੁੱਪ ਚੜ੍ਹੇਗੀ ?*

*ਭਗਤ ਰਾਮ: ਉਮੀਦ ਤਾਂ ਹੈ ਚੜ੍ਹੇਗੀ।*

*ਮੰਤਰੀ: ਫੇਰ ਕੱਲ੍ਹ ਮਾਈ ਦੀਆਂ ਦਰੀਆਂ, ਦੋਹਤੀਆਂ ,ਚੌਹਤੀਆਂ ਸਰਕਾਰੀ ਖਰਚ 'ਤੇ ਧੁੱਪੇ ਸੁਕਾ ਦੇਵੋ... ਲੋਕਾਂ ਨੂ ਰਾਹਤ ਦੇਣੀ ਸਰਕਾਰ ਦਾ ਫ਼ਰਜ਼ ਏ।* [10]

ਇਸ ਨਾਟਕੀ ਸੰਵਾਦ ਰਾਹੀਂ ਗੁਰਸ਼ਰਨ ਸਿੰਘ ਸਿਆਸੀ ਪ੍ਰਬੰਧ ਵਿੱਚ ਆਈ ਗਿਰਾਵਟ ਨੂੰ ਵਿਅੰਗਾਤਮਕ ਵਿਧੀ ਰਾਹੀਂ ਪ੍ਰਗਟਾਉਂਦਾ ਹੋਇਆ ਲੋਕ ਸਮੱਸਿਆਵਾਂ ਦੀ ਸਟੀਕ ਪੇਸ਼ਕਾਰੀ ਕਰਦਾ ਹੈ । ਮੰਤਰੀਆਂ,ਨੇਤਾਵਾਂ ਅਤੇ ਅਫ਼ਸਰਸ਼ਾਹੀ ਦੇ ਕਿਰਦਾਰ ਨੂੰ ਨੰਗਿਆਂ ਕਰਦਾ ਉਹ ਜ਼ਿਹਨ ਵਿੱਚ ਸਵਾਲ ਉਭਾਰਦਾ ਹੈ ਕਿ ਕੀ ਚੁਣੀ ਹੋਈ ਸਰਕਾਰ ਦਾ ਜੋ ਫਰਜ਼ ਬਣਦਾ ਹੈ ਸਰਕਾਰਾਂ ਉਸਨੂੰ ਨਿਭਾ ਰਹੀਆਂ ਹਨ? ਜੇ ਨਹੀਂ ਨਿਭਾ ਰਹੀਆਂ ਤੇ ਲੋਕਾਂ ਨੂੰ ਸੋਚਣ ਦੀ ਲੋੜ ਹੈ। ਉਹ ਲੋਕ ਸੋਚ ਨੂੰ ਅਜਿਹੀ ਦਿਸ਼ਾ ਵੱਲ ਜਾਂਦੀ ਦੇਖਣਾ ਚਾਹੁੰਦਾ ਹੈ ਜਿੱਥੋਂ ਸੰਘਰਸ਼ ਵਿੱਢਣ ਦੀ ਬਾਤ ਤੁਰਦੀ ਹੈ।

ਕਿਸੇ ਵੀ ਕਲਾਕਾਰ ਦਾ ਪਹਿਲਾ ਫਰਜ਼ ਮਨੁੱਖੀ ਅਧਿਕਾਰਾਂ ਦੇ ਹੱਕ ਵਿੱਚ ਖੜ੍ਹੋਣਾ ਹੈ। ਸਾਡੇ ਸਮਾਜ ਵਿੱਚ ਵਸਦੇ ਮਨੁੱਖਾਂ ਨੂੰ ਸਮਾਜਿਕ, ਰਾਜਨੀਤਿਕ ਅਤੇ ਸੱਭਿਆਚਾਰਕ ਤੌਰ ਤੇ ਬਹੁਤ ਸਾਰੇ ਅਧਿਕਾਰ ਮਿਲੇ ਹਨ ਪਰ ਤਾਕਤਵਰ ਧਿਰ ਜਦੋਂ ਉਹਨਾਂ ਅਧਿਕਾਰਾਂ ਤੇ ਕਬਜ਼ਾ ਕਰ ਬੈਠਦੀ ਹੈ ਤਾਂ ਦੂਜੀ ਧਿਰ ਆਪਣੇ ਆਪ ਉਹਨਾਂ ਹੱਕਾਂ ਤੋਂ ਮਹਿਰੂਮ ਹੋ ਜਾਂਦੀ ਹੈ ।ਅੱਜ ਸਾਡੇ ਮੁਲਕ ਅੰਦਰ ਸਥਿਤੀ ਇਹੋ ਜਿਹੀ ਬਣ ਚੁੱਕੀ ਹੈ ਜਿੱਥੇ ਸਧਾਰਨ ਬੰਦੇ ਵਲੋਂ ਅਧਿਕਾਰਾਂ ਦੀ ਗੱਲ ਕਰਨੀ ਮਹਿਜ਼ ਖ਼ਿਆਲ ਮਾਤਰ ਹੈ। ਅਜਿਹੇ ਵਿੱਚ ਸਧਾਰਨ ਮਨੁੱਖ ਸੰਤਾਪ ਹੰਢਾਉਂਦਾ ਹੈ। ਗੁਰਸ਼ਰਨ ਸਿੰਘ ਜਦੋਂ ਅਜਿਹੀਆਂ ਸਥਿਤੀਆਂ ਨੂੰ ਵੇਖਦਾ ਹੈ ਤਾਂ ਉਹ ਸਹਿਜ ਸੁਭਾਅ ਹੀ ਆਖਦਾ ਹੈ ਕਿ ਜੇਕਰ ਇਕ ਮਨੁੱਖ ਦਰਿਆਵਾਂ ਦੇ ਵਹਾਅ ਨੂੰ ਮੋੜ ਸਕਦਾ ਹੈ ਤਾਂ ਸਮਾਜ ਦੇ ਵਹਿਣ ਨੂੰ ਮੋੜਨਾ ਕੋਈ ਔਖੀ ਗੱਲ ਨਹੀਂ। ਉਹ ਨਾਟਕ ਅਤੇ ਰੰਗ ਮੰਚ ਨੂੰ ਹਥਿਆਰ ਬਣਾ ਕੇ ਸਧਾਰਨ ਲੋਕਾਂ ਦੇ ਜੀਵਨ ਨੂੰ ਨਵੀਂ ਦਿਸ਼ਾ ਦੇਣ ਦੇ ਰਾਹ ਤੁਰ ਪੈਂਦਾ ਹੈ। ਗੁਰਸ਼ਰਨ ਸਿੰਘ ਦੇ ਨਾਟਕਾਂ ਦਾ ਕੇਂਦਰੀ ਧੁਰਾ ਮਾਨਵੀ ਅਧਿਕਾਰਾਂ ਦੀ ਰਾਖੀ ਹੈ ਉਸਦੀਆਂ ਨਾਟਕੀ ਪੇਸ਼ਕਾਰੀਆਂ ਰਾਹੀਂ ਇਸਦੀ ਝਲਕ ਸਹਿਜੇ ਹੀ ਵੇਖੀ ਜਾ ਸਕਦੀ ਹੈ। ਉਹ ਵੱਖ ਵੱਖ ਵਿਧੀਆਂ ਰਾਹੀਂ ਆਪਣੇ ਮਕਸਦ ਨੂੰ ਪੂਰਾ ਕਰਦਾ ਹੈ ਉਸਦੇ ਨਾਟਕਾਂ ਦੀ ਪਿੱਠ ਭੂਮੀ ਵਿੱਚ ਦ੍ਰਿਸ਼ਟੀਗੋਚਰ ਹੁੰਦੇ ਸਮਾਜਿਕ ਅਤੇ ਇਤਿਹਾਸਿਕ ਹਵਾਲੇ ਮਨੁੱਖੀ ਚੇਤਨਾ ਨੂੰ ਹਲੂਣਾ ਦੇਣ ਅਤੇ ਸਾਧਾਰਨ ਬੰਦੇ ਨੂੰ ਉਸਦੇ ਅਧਿਕਾਰਾਂ ਪ੍ਰਤੀ ਸਜਗ ਕਰਨ ਦਾ ਪ੍ਰਤੀਕ ਹਨ। ਉਹ ਭਖਦੀਆਂ ਸਮਾਜਿਕ ਸਮੱਸਿਆਵਾਂ ਪ੍ਰਤੀ ਪੂਰੀ ਤਰ੍ਹਾਂ ਚੇਤੰਨ ਹੈ। ਸਮਾਜ ਅੰਦਰ

ਵਾਪਰਦੀਆਂ ਘਟਨਾਵਾਂ ਨੂੰ ਇੱਕ ਸਤਰ ਵਿੱਚ ਢਾਲ ਕੇ ਉਸ ਨੂੰ ਨਾਟਕੀ ਰੰਗ ਦੇਣਾ ਉਸ ਦੀ ਰੰਗਮੰਚੀ ਸੂਝ ਨੂੰ ਬਿਆਨ ਕਰਦਾ ਹੈ ਰਾਜਸੀ ਚੇਤਨਾ ਦੇ ਸੰਚਾਰ ਤਹਿਤ ਸਧਾਰਨ ਮਨੁੱਖਾਂ ਅੰਦਰ ਚੇਤਨਾ ਜਗਾਉਣਾ ਉਸਦਾ ਮਨੋਰਥ ਹੈ। ਉਸਦੇ ਨਾਟਕੀ ਪਾਤਰਾਂ ਦੀ ਘਾੜਤ ਬਾ - ਕਮਾਲ ਹੈ ਉਸਦੇ ਨਾਟਕਾਂ ਦੇ ਸਿਰਲੇਖ ਪ੍ਰਤੀਕਾਤਮਕ ਹਨ ਵੱਖ-ਵੱਖ ਪ੍ਰਤੀਕਾਂ ਰਾਹੀਂ ਰਾਜਸੀ ਸੱਚ ਨੂੰ ਬਿਆਨ ਕਰਨਾ ਗੁਰਸ਼ਰਨ ਸਿੰਘ ਆਪਣਾ ਮਕਸਦ ਬਣਾ ਲੈਂਦਾ ਹੈ । ਉਹ ਆਪਣੇ ਨਾਟ ਮੰਚ ਰਾਹੀਂ ਇਹ ਗੱਲ ਦ੍ਰਿੜਾਉਂਦਾ ਹੈ ਕਿ ਮੁਲਕ ਦੇ ਭ੍ਰਿਸ਼ਟ ਸਿਸਟਮ ਦੇ ਵਿੱਚ ਇਸਤਰੀਆਂ, ਮਜ਼ਦੂਰ ,ਸਧਾਰਨ ਲੋਕ, ਕਿਸਾਨ ਅਤੇ ਬੱਚੇ ਬੁਰੀ ਤਰ੍ਹਾਂ ਪਿਸਦੇ ਪਏ ਹਨ ਅਤੇ ਇਹਨਾਂ ਦੇ ਅਧਿਕਾਰਾਂ ਦੀ ਲੁੱਟ ਕਰਨ ਵਾਲੇ ਸਾਡੇ ਸਿਆਸੀ ਲੋਕ,ਪ੍ਰਸ਼ਾਸਨਿਕ ਅਧਿਕਾਰੀ , ਪੁਲਿਸ ਅਧਿਕਾਰੀ ਅਤੇ ਅਕਾਦਮਿਕ ਅਦਾਰੇ ਵੀ ਹਨ। ਗੁਰਸ਼ਰਨ ਸਿੰਘ ਲੋਟੂ ਜਮਾਤ ਨੂੰ ਨਸ਼ਰ ਕਰਨ ਲੱਗਿਆਂ ਇੱਕ ਕਦਮ ਵੀ ਪਿੱਛੇ ਨਹੀਂ ਹਟਦਾ। ਵਿਚਾਰ ਅਧੀਨ ਨਾਟਕ ਦਾ ਸਿਰਲੇਖ ਰਾਹਤ ਕਈ ਕੋਣਾਂ ਤੋਂ ਵਿਚਾਰਨ ਯੋਗ ਹੈ। ਲੋਕ ਆਪਣੇ ਸੰਵਿਧਾਨਕ ਅਧਿਕਾਰਾਂ ਦਾ ਪ੍ਰਯੋਗ ਕਰਦੇ ਹਨ ਚੰਗੇਰਾ ਜੀਵਨ ਜਿਉਣਾ ਜਾਂ ਜਿਉਣ ਯੋਗ ਹਾਲਾਤ ਸਿਰਜਣੇ ਇਹ ਰਾਜਸੀ ਆਗੂਆਂ ਦਾ ਫਰਜ ਬਣਦਾ ਹੈ ਪਰ ਜਦੋਂ ਸੱਤਾ ਦੀ ਵਾਗ ਡੋਰ ਹੱਥ ਵਿੱਚ ਆ ਜਾਂਦੀ ਹੈ ਤਾਂ ਸਧਾਰਨ ਜਨਤਾ ਦਾ ਸ਼ੋਸ਼ਣ ਕਰਨਾ ਸੱਤਾ ਤੇ ਬੈਠੇ ਲੋਕ ਆਪਣਾ ਅਧਿਕਾਰ ਸਮਝ ਬੈਠਦੇ ਹਨ ਗੁਰਸ਼ਰਨ ਸਿੰਘ ਰਾਜਸੀ ਵਿਅੰਗ ਦੀ ਵਿਧੀ ਰਾਹੀਂ ਸਮਾਜਿਕ ਸੱਚ ਨੂੰ ਉਜਾਗਰ ਕਰਦਾ ਹੈ।

ਸਮੁੱਚੇ ਤੌਰ 'ਤੇ 'ਸਿਆਸੀ ਦਮਨ ਦਾ ਨਾਟ-ਪ੍ਰਤਿਬਿੰਬ: ਰਾਹਤ' ਸਿਰਲੇਖ ਅਧੀਨ ਨਾਟਕਕਾਰ ਨੇ ਇੱਕੋ ਸੁਨੇਹਾ ਦਿੱਤਾ ਹੈ, ਉਹ ਹੈ ਸਿਆਸੀ ਆਗੂਆਂ ਨੂੰ ਇਹ ਸੁਨੇਹਾ ਦੇਣ ਦਾ ਕਿ ਸਧਾਰਨ ਲੋਕਾਂ ਨੂੰ ਵੀ ਜ਼ਿੰਦਗੀ ਜਿਉਣ ਦਾ ਅਧਿਕਾਰ ਹੈ। ਉਹਨਾਂ ਦੇ ਇਸ ਅਧਿਕਾਰ ਨੂੰ ਲੁੱਟਿਆ ਨਾ ਜਾਵੇ। ਜੇਕਰ ਇਸੇ ਤਰ੍ਹਾਂ ਵਾਪਰਦਾ ਰਿਹਾ ਤਾਂ ਇੱਕ ਦਿਨ ਅਜਿਹਾ ਵੀ ਆਵੇਗਾ, ਜਦੋਂ ਇਹ ਲੋਕ ਸੰਘਰਸ਼ ਵਿੱਢਣ ਦੇ ਰਾਹ ਤੁਰਨਗੇ ਤੇ ਜਦੋਂ ਲੋਕ ਏਕਤਾ ਸਾਂਝੇ ਸੰਘਰਸ਼ ਦੇ ਰਾਹ ਪੈਂਦੀ ਹੈ ਤਾਂ ਫਿਰ ਤਖਤੇ ਵੀ ਪਲਟੇ ਜਾਂਦੇ ਹਨ।

## *ਹਵਾਲੇ ਅਤੇ ਟਿੱਪਣੀਆਂ*


1. *ਜਗਦੀਸ਼ ਗਰਗ (ਸੰਪਾ.) ਰੰਗਸੰਗ, ਲੜੀ-8, ਵਾਈਟ ਕਰਾਸ ਪ੍ਰਿੰਟਰਜ਼, ਜਲੰਧਰ 2012, ਪੰਨਾ: 48*
2. *ਰੇਸ਼ਮ ਸਿੰਘ (ਡਾ.) ਸੱਤਾ ਸਿਧਾਂਤ ਤੇ ਪੰਜਾਬੀ ਨਾਟਕ, ਚੇਤਨਾ ਪ੍ਰਕਾਸ਼ਨ, ਲੁਧਿਆਣਾ 2015, ਪੰਨਾ: 276*
3. *ਕੇਵਲ ਧਾਲੀਵਾਲ (ਸੰਪਾ.) ਗੁਰਸ਼ਰਨ ਸਿੰਘ ਦੇ ਨਾਟਕ ਭਾਗ ਦੂਜਾ ਮੰਚ ਰੰਗਮੰਚ, ਅੰਮ੍ਰਿਤਸਰ, 2011, ਪੰਨੇ: 273-274*
4. *-ਉਹੀ-, ਪੰਨਾ: 274*
5. *-ਉਹੀ-, ਪੰਨਾ: 275*
6. *-ਉਹੀ-, ਪੰਨਾ: 276*
7. *-ਉਹੀ-, ਪੰਨੇ 276-277*
8. *-ਉਹੀ-,ਪੰਨਾ: 278*
9. *-ਉਹੀ-, ਪੰਨੇ: 278-279*
10. *-ਉਹੀ-,ਪੰਨਾ: 279*



***Cite this Article-***

ਡਾ. ਸੋਨੀਆ ਦੇਵੀ (Dr. Sonia Devi), **ਸਿਆਸੀ ਦਮਨ ਦਾ ਨਾਟ-ਪ੍ਰਤੀਬਿੰਬ: ਰਾਹਤ (**SIASI DAMAN DA NAAT-PARTIBINB: RAHAT), ***ਅਰਮਾਨ*** *(ARMAAN), ISSN: 2583-9446 (O), Volume 3, Issue 3, July-September 2025, Page: 129-133.*

***Journal URL:*** www.armaan.org.in

***DOI:*** *https://doi.org/10.64119/armaan.vol.3.issue3.20*



*This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/ ).*